# ਪੜਨਾਂਵ

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਮੈਂ, ਅਸੀਂ, ਤੁਸੀਂ, ਉਹ।**




## ਪੜਨਾਂਵ ਦੀਆਂ ਕਿਸਮਾਂ

ਪੜਨਾਂਵ ਛੇ ਪ੍ਰਕਾਰ ਦੇ ਹਨ :

1. ਪੁਰਖ-ਵਾਚਕ ਪੜਨਾਂਵ
2. ਨਿੱਜ-ਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ
6. ਪ੍ਰਸ਼ਨ-ਵਾਚਕ ਪੜਨਾਂਵ

### 1. ਪੁਰਖ-ਵਾਚਕ ਪੜਨਾਂਵ

ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਮੈਂ, ਤੁਸੀਂ, ਉਹ ਆਦਿ।**

ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :-

(i) ਉੱਤਮ ਪੁਰਖ ਜਾਂ ਪਹਿਲਾ ਪੁਰਖ

(ii) ਮੱਧਮ ਪੁਰਖ ਜਾਂ ਦੂਜਾ ਪੁਰਖ

(iii) ਅਨਯ ਪੁਰਖ ਜਾਂ ਤੀਜਾ ਪੁਰਖ

**(i)** **ਉੱਤਮ ਪੁਰਖ ਜਾਂ ਪਹਿਲਾ ਪੁਰਖ :** ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ :- **ਮੈਂ, ਮੈਨੂੰ, ਅਸੀਂ, ਸਾਡਾ ਆਦਿ।**

**(ii)** **ਮੱਧਮ ਪੁਰਖ :** ਜਿਸ ਪੁਰਖ ਨਾਲ਼ ਗੱਲ ਕੀਤੀ ਜਾਵੇ ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ :- **ਤੂੰ, ਤੁਸੀਂ, ਤੇਰਾ, ਤੁਹਾਡਾ ਆਦਿ।**

**(iii)** **ਅਨਯ ਪੁਰਖ ਜਾਂ ਤੀਜਾ ਪੁਰਖ :** ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇ:- **ਉਹ, ਉਹਨਾਂ ਆਦਿ।**

**2. ਨਿੱਜ-ਵਾਚਕ ਪੜਨਾਂਵ**

ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

(ੳ) ਮੈਂ **ਆਪ** ਉਸ ਨੂੰ ਸਮਝਾਇਆ।

(ਅ) ਮੁੰਡੇ **ਆਪਸ** ਵਿੱਚ ਲੜਦੇ ਹਨ।

(ੲ) ਅਸੀਂ **ਆਪ** ਆਪਣੇ ਹੱਥੀਂ ਕੰਮ ਕੀਤਾ।

ਇਹਨਾਂ ਵਾਕਾਂ ਵਿੱਚ **'ਮੈਂ'**,**'ਆਪਸ'**,**'ਆਪ'** ਨਿੱਜ-ਵਾਚਕ ਪੜਨਾਂਵ ਹਨ।

**3. ਨਿਸ਼ਚੇਵਾਚਕ ਪੜਨਾਂਵ**

ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਦੀ ਥਾਂ ਉੱਤੇ ਵਰਤੇ ਜਾਣ ਉਸ ਨੂੰ ਨਿਸ਼ਚੇਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ :-

(ੳ) **ਅਹੁ** ਕੁਝ ਬਣ ਰਿਹਾ ਹੈ।

(ਅ) **ਇਹ** ਬੜਾ ਹਾਜ਼ਰ-ਜਵਾਬ ਹੈ।

**ਇਹਨਾਂ ਵਾਕਾਂ ਵਿੱਚ 'ਅਹੁ' ਤੇ 'ਇਹ'** ਨਿਸ਼ਚੇਵਾਚਕ ਪੜਨਾਂਵ ਹਨ।

**4. ਅਨਿਸ਼ਚੇਵਾਚਕ ਪੜਨਾਂਵ**

ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇ-ਪੂਰਵਕ ਗਿਆਨ ਨਾ ਹੋਵੇ, ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

(ੳ) **ਕੋਈ** ਗੀਤ ਗਾ ਰਿਹਾ ਹੈ।

(ਅ) ਇੱਥੇ **ਕਈ** ਆਉਂਦੇ ਹਨ।

ਵਾਕਾਂ ਵਿੱਚ **'ਕੋਈ '**ਤੇ **'ਕਈ'** ਅਨਿਸ਼ਚੇਵਾਚਕ ਪੜਨਾਂਵ ਹਨ।

**5. ਸੰਬੰਧ-ਵਾਚਕ ਪੜਨਾਂਵ**

ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

(ੳ) ਉਹ ਲੋਕ **ਜੋ** ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ।

(ਅ) ਸ਼ਰਾਬੀ **ਜਿਸ ਨੇ** ਗੋਲ਼ੀਆਂ ਚਲਾਈਆਂ ਸਨ, ਫੜਿਆ ਗਿਆ।

**'ਜੋ'** ਅਤੇ **'ਜਿਸ ਨੇ'** ਸੰਬੰਧ-ਵਾਚਕ ਪੜਨਾਂਵ ਹਨ।

**6. ਪ੍ਰਸ਼ਨ-ਵਾਚਕ ਪੜਨਾਂਵ**

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਪਰ ਨਾਲ਼ ਹੀ ਉਸ ਦੁਆਰਾ ਕੋਈ ਪੁੱਛ-ਗਿੱਛ ਕੀਤੀ ਜਾਵੇ ਉਸ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ : -

(ੳ) **ਕੌਣ** ਸੌਂ ਰਿਹਾ ਹੈ ?

(ਅ) ਗਲਾਸ **ਕਿਸ ਨੇ** ਤੋੜਿਆ ਹੈ ?

(ੲ) **ਕਿਹੜਾ** ਸ਼ੋਰ ਪਾ ਰਿਹਾ ਹੈ ?

**'ਕੌਣ'**, **'ਕਿਸ ਨੇ'**, **'ਕਿਹੜਾ'** ਸ਼ਬਦ ਪ੍ਰਸ਼ਨ-ਵਾਚਕ ਪੜਨਾਂਵ ਹਨ।

## ਅਭਿਆਸ

1. ਪੜਨਾਂਵ ਕਿਸ ਨੂੰ ਆਖਦੇ ਹਨ ?
2. ਪੜਨਾਂਵ ਦੀਆਂ ਕਿਸਮਾਂ ਕਿਹੜੀਆਂ-ਕਿਹੜੀਆ ਹਨ ?
3. ਪੁਰਖ-ਵਾਚਕ ਪੜਨਾਂਵ ਕਿੰਨੇ ਪ੍ਰਕਾਰ ਦਾ ਹੁੰਦਾ ਹੈ ?
4. ਨਿੱਜ-ਵਾਚਕ ਪੜਨਾਂਵ ਕਿਸ ਨੂੰ ਆਖਦੇ ਹਨ ?
5. ਸੰਬੰਧ-ਵਾਚਕ ਪੜਨਾਂਵ ਦੀਆਂ ਕੋਈ ਦੋ ਉਦਾਹਰਨਾਂ ਦਿਓ ?
6. ਹੇਠ ਲਿਖੇ ਪੜਨਾਂਵਾਂ ਦੇ ਸਾਹਮਣੇ ਉਹਨਾਂ ਦੀ ਕਿਸਮ ਲਿਖੋ :
   (ੳ) ਮੈਂ, ਅਸੀਂ ____________
   (ਅ) ਕਿਸ ਨੇ, ਕਿਹੜਾ ____________
   (ੲ) ਉਹ, ਇਹ ____________
   (ਸ) ਤੁਹਾਡਾ, ਤੁਹਾਨੂੰ ____________
   (ਹ) ਕੌਣ, ਕਿਹੜਾ ____________
   (ਕ) ਆਪ, ਆਪਸ ____________
   (ਖ) ਜੋ, ਸੋ ____________
   (ਗ) ਜਿਹੜੇ ____________
   (ਘ) ਕਈ, ਬਹੁਤ ਸਾਰੇ ____________
   (ਙ) ਅਹੁ, ਅਹਿ ____________
7. ਹੇਠ ਲਿਖਿਆਂ ਵਿੱਚੋਂ ਪੜਨਾਂਵ ਚੁਣੋ ਤੇ ਸਾਹਮਣੇ ਲਿਖੋ-
   (ੳ) ਮਿਰਚ, ਫੁੱਲ, ਦਿੱਲੀ, ਆਪ ____________
   (ਅ) ਕੌਣ, ਲੜਕੀ, ਕੱਪੜਾ, ਸਾਡੇ ____________
   (ੲ) ਜਲੰਧਰ, ਜਿਹੜਾ, ਮੈਂ, ਅਸੀਂ ____________
   (ਸ) ਕਿਸ ਨੇ, ਗੀਤ, ਵਿਸ਼ਾਲ, ਹੈ ____________
   (ਹ) ਘਰ, ਮੇਲਾ, ਉਹ, ਗਿਆ ____________
8. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਚੁਣੋ ਤੇ ਸਾਹਮਣੇ ਲਿਖੋ :-
   (ੳ) ਉਸ ਦਾ ਭਰਾ ਬੜਾ ਬੇਈਮਾਨ ਹੈ। ____________
   (ਅ) ਤੁਹਾਨੂੰ ਆਪ ਇਹ ਕੰਮ ਕਰਨਾ ਚਾਹੀਦਾ ਸੀ। ____________
   (ੲ) ਕੌਣ-ਕੌਣ ਜਮਾਤ ਵਿੱਚ ਹਾਜ਼ਰ ਨਹੀਂ ਸਨ ? ____________

(ਸ) ਕਈ ਲੋਕ ਘਰ ਨੂੰ ਜਾ ਰਹੇ ਸਨ। ____________

(ਹ) ਜੋ ਕਰੇਗਾ ਸੋ ਭਰੇਗਾ। ____________

(ਕ) ਤੁਹਾਡੇ ਪਿਤਾ ਜੀ ਕੀ ਕਰਦੇ ਸਨ ? ____________

(ਖ) ਅਹਿ ਕਿਸ ਦਾ ਪੈੱਨ ਹੈ ? ____________

(ਗ) ਗ਼ਰੀਬ ਨਾਲ਼ ਕੋਈ-ਕੋਈ ਹਮਦਰਦੀ ਕਰਦਾ ਹੈ। ____________

9. ਖ਼ਾਲੀ ਥਾਂਵਾਂ ਭਰੋ—

(ੳ) ਜਿਹੜੇ ਪੁਰਖ ਨਾਲ਼ ਗੱਲ ਕੀਤੀ ਜਾਵੇ .................. ਪੁਰਖ ਹੁੰਦਾ ਹੈ।

(ਅ) ਜਿਸ ਪੁਰਖ ਬਾਰੇ ਗੱਲ ਕੀਤੀ ਜਾਵੇ .................. ਪੁਰਖ ਹੁੰਦਾ ਹੈ।

(ੲ) ਨਾਂਵ ਦੀ ਥਾਂ ਵਰਤੇ ਜਾਣ ਵਾਲ਼ੇ ਸ਼ਬਦ .................. ਕਹਾਉਂਦੇ ਹਨ।

(ਸ) ਜਿਹੜੇ ਸ਼ਬਦ ਯੋਜਕਾਂ ਵਾਂਗ ਦੋ ਵਾਕਾਂ ਨੂੰ ਜੋੜਨ .............. ਪੜਨਾਂਵ ਹੁੰਦੇ ਹਨ।

10. ਹੇਠ ਲਿਖੇ ਵਾਕਾਂ ਵਿੱਚੋਂ ਠੀਕ ਵਾਕਾਂ ਦੇ ਸਾਹਮਣੇ (✔) ਤੇ ਗ਼ਲਤ ਵਾਕਾਂ ਦੇ ਸਾਹਮਣੇ (✘) ਦਾ ਨਿਸ਼ਾਨ ਲਾਓ :

(ੳ) ਗੱਲ ਕਰਨ ਵਾਲ਼ਾ ਪੁਰਖ, ਉੱਤਮ ਪੁਰਖ ਹੁੰਦਾ ਹੈ।

(ਅ) ਜੋ ਸ਼ਬਦ ਕਿਸੇ ਵਿਅਕਤੀ, ਵਸਤੂ, ਜਗ੍ਹਾ ਦਾ ਨਾਂ ਦੱਸਣ, ਪੜਨਾਂਵ ਕਹਾਉਂਦੇ ਹਨ।

(ੲ) ਜਿਹੜੇ ਸ਼ਬਦ ਨਾਂਵ ਦੀ ਥਾਂ ਆ ਕੇ ਕੋਈ ਪ੍ਰਸ਼ਨ ਪੁੱਛਣ, ਉਹਨਾਂ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਹਿੰਦੇ ਹਨ।

(ਸ) ਪੜਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ।

(ਹ) ਜਿਹੜੇ ਸ਼ਬਦ ਯੋਜਕ ਵਾਂਗ ਵਾਕਾਂ ਨੂੰ ਜੋੜਨ, ਉਹ ਪ੍ਰਸ਼ਨ-ਵਾਚਕ ਪੜਨਾਂਵ ਹੁੰਦੇ ਹਨ।

*****